Alberta

**ਨਿਊਜ਼** ਰਿਲੀਜ਼

# ਸਕੂਲਾਂ ਵਿੱਚ ਦਾਖਲੇ ਵੱਧ ਰਹੇ ਹਨ, ਨਾਲ ਹੀ ਫੰਡਿੰਗ ਵੀ ਵੱਧ ਰਹੀ ਹੈ

12 ਮਾਰਚ, 2025 ਮੀਡੀਆ ਪੁੱਛਗਿੱਛ

## ਜੇਕਰ ਪਾਸ ਹੋ ਜਾਂਦਾ ਹੈ, ਤਾਂ ਬਜਟ 2025, ਤਿੰਨ ਸਾਲਾਂ ਵਿੱਚ ਹੋਰ ਅਧਿਆਪਕਾਂ ਅਤੇ ਸਹਾਇਕ ਸਟਾਫ ਨੂੰ ਨਿਯੁਕਤ ਕਰਨ ਲਈ $1.1 ਬਿਲੀਅਨ ਤੋਂ ਵੱਧ ਦੇ ਨਾਲ ਸਕੂਲੀ ਦਾਖਲੇ ਵਿੱਚ ਵਾਧੇ ਦੀ ਚੁਣੌਤੀ ਦਾ ਸਾਮ੍ਹਣਾ ਕਰਦਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਅਲਬਰਟਾ ਦੀ ਆਬਾਦੀ ਤੇਜ਼ੀ ਨਾਲ ਵਧੀ ਹੈ, ਅਤੇ ਆਬਾਦੀ ਵਿੱਚ ਇਸ ਵਾਧੇ ਕਾਰਨ ਅਲਬਰਟਾ ਦੇ ਸਕੂਲਾਂ 'ਤੇ ਦਾਖਲੇ ਸੰਬੰਧੀ ਦਬਾਅ ਵਧਿਆ ਹੈ। 2020 ਤੋਂ, ਵਿਦਿਆਰਥੀਆਂ ਦੇ ਦਾਖਲੇ ਵਿੱਚ ਲਗਭਗ 89,000 ਵਿਦਿਆਰਥੀਆਂ ਦਾ ਵਾਧਾ ਹੋਇਆ ਹੈ, ਅਤੇ ਸਕੂਲ ਅਥਾਰਟੀਆਂ, 2025-26 ਸਕੂਲ ਸਾਲ ਵਿੱਚ ਨਿਰੰਤਰ ਵਾਧੇ ਦੀ ਉਮੀਦ ਕਰ ਰਹੀਆਂ ਹਨ, ਖਾਸ ਕਰਕੇ ਐਡਮੰਟਨ ਅਤੇ ਕੈਲਗਰੀ ਮੈਟਰੋ ਖੇਤਰਾਂ ਵਿੱਚ।

ਜੇਕਰ ਪਾਸ ਹੋ ਜਾਂਦਾ ਹੈ, ਤਾਂ ਬਜਟ 2025, ਦਾਖਲਿਆਂ ਵਿੱਚ ਵਾਧੇ ਨੂੰ ਸੰਬੋਧਿਤ ਕਰਨ ਲਈ ਤਿੰਨ ਸਾਲਾਂ ਵਿੱਚ $1.1 ਬਿਲੀਅਨ ਦੇ ਨਿਵੇਸ਼ ਨਾਲ ਵੱਧ ਰਹੇ ਦਾਖਲਿਆਂ ਦੀ ਚੁਣੌਤੀ ਨਾਲ ਨਜਿੱਠੇਗਾ। ਇਹ ਫੰਡਿੰਗ ਸਕੂਲ ਅਥਾਰਟੀਆਂ ਨੂੰ ਅਗਲੇ ਤਿੰਨ ਸਾਲਾਂ ਵਿੱਚ 4,000 ਤੋਂ ਵੱਧ ਅਧਿਆਪਕਾਂ, ਸਿੱਖਿਆ ਸਹਾਇਕਾਂ ਅਤੇ ਸਹਾਇਕ ਸਟਾਫ ਨੂੰ ਨਿਯੁਕਤ ਕਰਨ ਦੇਵੇਗੀ, ਤਾਂ ਜੋ ਵਿਦਿਆਰਥੀ ਉਹਨਾਂ ਨੂੰ ਲੋੜੀਂਦਾ ਧਿਆਨ ਕੇਂਦਰਿਤ ਸਮਾਂ ਅਤੇ ਤਵੱਜੋ ਪ੍ਰਾਪਤ ਕਰ ਸਕਣ।

"ਅਗਲੇ ਤਿੰਨ ਸਾਲਾਂ ਵਿੱਚ, ਅਸੀਂ ਆਪਣੀ ਸਿੱਖਿਆ ਪ੍ਰਣਾਲੀ ਵਿੱਚ $1.1 ਬਿਲੀਅਨ ਵਾਧੂ ਨਿਵੇਸ਼ ਕਰਨ ਦੀ ਯੋਜਨਾ ਬਣਾ ਰਹੇ ਹਾਂ। ਇਹ ਫੰਡਿੰਗ ਹੋਰ ਅਧਿਆਪਕਾਂ ਨੂੰ ਨਿਯੁਕਤ ਕਰਨ, ਕਲਾਸਾਂ ਦੇ ਆਕਾਰ ਨੂੰ ਘਟਾਉਣ ਅਤੇ ਸਾਡੇ ਸਕੂਲਾਂ ਵਿੱਚ ਹੋਰ ਸਹਾਇਤਾ ਸਟਾਫ ਪ੍ਰਾਪਤ ਕਰਨ ਵਿੱਚ ਮਦਦ ਕਰੇਗੀ। ਸਾਡੇ ਵਿਦਿਆਰਥੀ ਸਭ ਤੋਂ ਵਧੀਆ ਦੇ ਹੱਕਦਾਰ ਹਨ ਅਤੇ ਬਜਟ 2025 ਇਹ ਯਕੀਨੀ ਬਣਾਏਗਾ ਕਿ ਉਨ੍ਹਾਂ ਨੂੰ ਇਹ ਮਿਲੇ।"
*ਡਿਮੇਟ੍ਰੀਓਸ ਨਿਕੋਲੇਡਜ਼, ਸਿੱਖਿਆ ਮੰਤਰੀ*

ਜੇਕਰ ਪਾਸ ਹੋ ਜਾਂਦਾ ਹੈ, ਤਾਂ ਬਜਟ 2025, ਵਿੱਚ ਕਲਾਸਰੂਮ ਜਟਿਲਤਾ (classroom complexity) ਫੰਡਿੰਗ ਵਿੱਚ $55 ਮਿਲੀਅਨ ਵੀ ਸ਼ਾਮਲ ਹਨ, ਜੋ ਕਿ ਪਿਛਲੇ ਸਾਲ ਦੀ ਫੰਡਿੰਗ ਦਰ ਵਿੱਚ 20 ਪ੍ਰਤੀਸ਼ਤ ਦਾ ਵਾਧਾ ਹੈ। ਕਲਾਸਰੂਮ ਜਟਿਲਤਾ ਲਈ ਇਹ ਫੰਡ ਸਕੂਲ ਅਥਾਰਟੀਆਂ ਨੂੰ ਵਾਧੂ ਵਿਦਿਅਕ ਸਹਾਇਕਾਂ, ਅਧਿਆਪਕਾਂ, ਕਾਉਂਸਲਰਾਂ, ਮਨੋਵਿਗਿਆਨੀਆਂ ਅਤੇ ਦੁਭਾਸ਼ੀਆਂ ਨੂੰ ਨਿਯੁਕਤ ਕਰਕੇ ਕਲਾਸਰੂਮਾਂ ਵਿੱਚ ਵਧੇਰੇ ਸਾਧਨ ਲਿਆਉਣ ਲਈ ਸ਼ਕਤੀ ਪ੍ਰਦਾਨ ਕਰਦੇ ਹਨ।

ਕਲਾਸਰੂਮ ਜਟਿਲਤਾ ਫੰਡਿੰਗ 2025-26 ਵਿੱਤੀ ਸਾਲ ਵਿੱਚ ਸਕੂਲ ਅਥਾਰਟੀਆਂ ਨੂੰ ਉਪਲਬਧ ਹੋਣ ਵਾਲੀਆਂ ਸਿਖਲਾਈ ਸਹਾਇਤਾ ਫੰਡਿੰਗ ਗ੍ਰਾਂਟਾਂ ਵਿੱਚ $1.6 ਬਿਲੀਅਨ ਤੋਂ ਵੱਧ ਦਾ ਹਿੱਸਾ ਹੈ। ਇਹ ਗ੍ਰਾਂਟਾਂ ਸਕੂਲ ਅਥਾਰਟੀਆਂ ਨੂੰ ਸਿਖਲਾਈ ਸੰਬੰਧੀ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀਆਂ, ਦੇ ਨਾਲ ਹੀ ਵਿਦਿਆਰਥੀਆਂ ਦੇ ਉਨ੍ਹਾਂ ਸਮੂਹਾਂ ਦੀ ਸਹਾਇਤਾ ਲਈ ਫੰਡ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਨੂੰ ਸਿਖਲਾਈ ਸੰਬਧੀ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ, ਜਿਵੇਂ ਕਿ ਰਫ਼ਿਊਜੀ ਵਿਦਿਆਰਥੀ ਅਤੇ ਇੱਕ ਵਾਧੂ ਭਾਸ਼ਾ ਵਜੋਂ ਅੰਗਰੇਜ਼ੀ ਸਿੱਖਣ ਵਾਲੇ, ਅਤੇ ਪ੍ਰੋਗਰਾਮ ਯੂਨਿਟ ਫੰਡਿੰਗ।

ਬਜਟ 2025 ਦੇ ਇਹ ਨਿਵੇਸ਼ 2025-26 ਵਿੱਤੀ ਸਾਲ ਲਈ ਸਿੱਖਿਆ ਵਿੱਚ $9.88 ਬਿਲੀਅਨ ਦੇ ਰਿਕਾਰਡ ਸੰਚਾਲਨ ਨਿਵੇਸ਼ ਦੇ ਹਿੱਸੇ ਵਜੋਂ ਅਲਬਰਟਾ ਕਲਾਸਰੂਮਾਂ ਵਿੱਚ ਹੋਰ ਸਾਧਨ ਲਿਆਉਂਦੇ ਹਨ, ਜੋ ਕਿ $426 ਮਿਲੀਅਨ ਦਾ ਵਾਧਾ ਹੈ।

*ਬਜਟ 2025 ਸਿੱਖਿਆ ਅਤੇ ਸਿਹਤ ਵਿੱਚ ਨਿਰੰਤਰ ਨਿਵੇਸ਼, ਪਰਿਵਾਰਾਂ ਲਈ ਘੱਟ ਟੈਕਸ ਅਤੇ ਅਰਥ ਵਿਵਸਥਾ ਨੂੰ ਸਮਰਥਨ ਦੇਣ 'ਤੇ ਧਿਆਨ ਕੇਂਦਰਿਤ ਕਰਕੇ ਅਲਬਰਟਾ ਨੂੰ ਦਰਪੇਸ਼ ਚੁਣੌਤੀ ਦਾ ਸਾਮ੍ਹਣਾ ਕਰ ਰਿਹਾ ਹੈ।*

## ਮੁੱਖ ਤੱਥ

ਸਿੱਖਿਆ ਦੇ ਬਜਟ ਦੀਆਂ ਹੋਰ ਮੁੱਖ ਗੱਲਾਂ ਜੋ ਸਕੂਲਾਂ ਅਤੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਂਦੀਆਂ ਹਨ, ਵਿੱਚ ਸ਼ਾਮਲ ਹਨ:

- ਇੱਕ ਨਵਾਂ ਫੰਡਿੰਗ ਮਾਡਲ, ਦੋ ਸਾਲਾਂ ਦੀ ਦਾਖਲਾ ਔਸਤ ਦੇ ਆਧਾਰ 'ਤੇ।
    - 30 ਪ੍ਰਤੀਸ਼ਤ ਫੰਡਿੰਗ ਮੌਜੂਦਾ ਸਾਲ ਦੇ ਦਾਖਲੇ 'ਤੇ ਅਧਾਰਤ ਹੋਵੇਗੀ ਅਤੇ 70 ਪ੍ਰਤੀਸ਼ਤ ਆਉਣ ਵਾਲੇ ਸਾਲ ਦੇ ਅਨੁਮਾਨਿਤ ਦਾਖਲੇ 'ਤੇ ਅਧਾਰਤ ਹੋਵੇਗੀ।
    - ਨਵੇਂ ਮਾਡਲ ਦਾ ਸਕੂਲ ਅਥਾਰਟੀਆਂ ਨੂੰ ਤਿੰਨ ਸਾਲਾਂ ਵਿੱਚ $242.8 ਮਿਲੀਅਨ ਨਾਲ ਫੰਡਿੰਗ ਵਧਾਉਣ ਦਾ ਅਨੁਮਾਨ ਹੈ।

- ਇੰਨ੍ਹਾਂ ਲਈ ਗ੍ਰਾਂਟ ਦਰਾਂ ਵਿੱਚ 2.32 ਪ੍ਰਤੀਸ਼ਤ ਵਾਧਾ:
  - ਪ੍ਰੋਗਰਾਮ ਯੂਨਿਟ ਫੰਡਿੰਗ (PUF)
  - ਸਪਸ਼ੈਲਾਈਜ਼ਡ ਲਰਨਿੰਗ ਸਪੋਰਟ ਗ੍ਰਾਂਟ
  - ਮੌਡਰੇਟ ਲੈਂਗੁਏਜ ਡਿਲੇ ਗ੍ਰਾਂਟ
  - ਇੰਗਲਿਸ਼ ਐਜ਼ ਐਨ ਅਡਿਸ਼ਨਲ ਲੈਂਗੁਏਜ
  - ਫਰੈਨਸਿਜ਼ੇਸ਼ਨ (Francisation)
  - ਫਸਟ ਨੇਸ਼ਨਜ਼, ਮੈਟੀ, ਅਤੇ ਇਨੂਇਟ ਐਜੂਕੇਸ਼ਨ
  - ਰਫ਼ਿਊਜੀ ਵਿਦਿਆਰਥੀ
  - ਸੋਸ਼ੀਓ-ਇਕਨੋਮਿਕ ਸਟੇਟਸ ਗ੍ਰਾਂਟ
  - ਜਿਓਗ੍ਰਾਫਿਕ ਗ੍ਰਾਂਟ
  - ਸਕੂਲ ਨਿਊਟ੍ਰੀਸ਼ਨ ਗ੍ਰਾਂਟ
  - ਟ੍ਰਾਂਸਪੋਰਟੇਸ਼ਨ ਗ੍ਰਾਂਟ
- ਪੇਂਡੂ ਸਕੂਲ ਅਥਾਰਟੀਆਂ ਨੂੰ ਆਪਣੀਆਂ ਇਮਾਰਤਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਬਣਾਈ ਰੱਖਣ ਵਿੱਚ ਮਦਦ ਕਰਨ ਲਈ ਨਵੀਂ ਫੰਡਿੰਗ ਸਮੇਤ, ਸੰਚਾਲਨ ਅਤੇ ਰੱਖ-ਰਖਾਅ ਲਈ ਫੰਡਿੰਗ ਵਧਾਉਣਾ।
- ਫ੍ਰੈਂਕੋਫੋਨ ਸਮਾਨਤਾ ਗ੍ਰਾਂਟ ਵਿੱਚ 25 ਪ੍ਰਤੀਸ਼ਤ ਵਾਧਾ ਕਰਨਾ।
- ਸੁਪਰਨੈੱਟ ਫੰਡਿੰਗ ਵਿੱਚ 20 ਪ੍ਰਤੀਸ਼ਤ ਵਾਧਾ ਕਰਨਾ।
- ਸਕੂਲਾਂ ਵਿੱਚ ਸਾਈਬਰ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਮਦਦ ਲਈ ਇੱਕ ਨਵੀਂ ਸਕੂਲ ਤਕਨਾਲੋਜੀ ਗ੍ਰਾਂਟ।
- *ਸਕੂਲ ਅਥਾਰਟੀਆਂ ਲਈ ਫੰਡਿੰਗ ਮੈਨੂਅਲ 2025-26 ਸਕੂਲ ਸਾਲ* ਅਤੇ ਅਨੁਮਾਨਿਤ ਸੰਚਾਲਨ ਫੰਡਿੰਗ ਪ੍ਰੋਫਾਈਲਾਂ ਅਪ੍ਰੈਲ ਦੇ ਸ਼ੁਰੂ ਤੱਕ ਜਾਰੀ ਕੀਤੇ ਜਾਣ ਦੀ ਉਮੀਦ ਹੈ, ਜੋ ਸਕੂਲ ਅਥਾਰਟੀਆਂ ਨੂੰ ਆਉਣ ਵਾਲੇ ਸਾਲ ਲਈ ਉਨ੍ਹਾਂ ਦੀ ਫੰਡਿੰਗ ਜਾਣਕਾਰੀ ਪ੍ਰਦਾਨ ਕਰਨਗੇ।

## ਸੰਬੰਧਿਤ ਜਾਣਕਾਰੀ

- ਬਜਟ 2025 ਦੀ ਸੰਖੇਪ ਜਾਣਕਾਰੀ

## ਸੰਬੰਧਿਤ ਖਬਰਾਂ

- ਬਜਟ 2025: ਸਿਹਤ ਅਤੇ ਸਿੱਖਿਆ ਵਿੱਚ ਚੁਣੌਤੀ ਦਾ ਸਾਮ੍ਹਣਾ ਕਰਨਾ